pstcl

# PUNJAB STATE TRANSMISSION CORPORATION LIMITED.

**Office: Dy.CE/ Admn. & HR- Training Cell, Shakti Sadan, Patiala.**

## ਵਿਭਾਗੀ ਲੇਖਾ ਪ੍ਰੀਖਿਆਵਾਂ ਸਬੰਧੀ ਉਮੀਦਵਾਰਾਂ ਨੂੰ ਜਾਰੀ ਕੀਤੀਆਂ ਹੋਈਆਂ ਹਦਾਇਤਾਂ

**Note:** 1. Candidates are required to make their own arrangement for stay during examination.

2. The candidates are requested to go through the instructions viz. Do's. & Don'ts printed on the title page of the answer book as well and follow them meticulously.

**ਨਿਮਨ ਗੱਲਾਂ ਜਰੂਰ ਕਰਨੀਆਂ ਹਨ:-**

1. ਜਵਾਬ ਕਾਪੀ ਦੇ ਪਹਿਲੇ ਪੰਨੇ ਤੇ ਦਰਜ ਉਪਰਲੇ ਵੇਰਵਿਆਂ ਨੂੰ ਭਰਿਆ ਜਾਵੇ।
2. ਜਵਾਬ ਕਾਪੀ ਵਿਚ ਕਵਰ ਸਮੇਤ 12 ਪੰਨੇ ਹਨ। ਪੰਨਾ 3 ਤੋਂ 12 ਪੰਨਿਆ ਵਿੱਚ ਹੀ ਹਰੇਕ ਵਰਕੇ ਦੇ ਦੋਹਾਂ ਪਾਸਿਆਂ ਤੇ ਪ੍ਰਸ਼ਨਾਂ ਦਾ ਹੱਲ ਕੀਤਾ ਜਾਵੇ। ਵਾਧੂ ਕਾਪੀ ਵਿਸ਼ੇਸ਼ ਹਾਲਤਾਂ ਵਿਚ ਹੀ ਦਿਤੀ ਜਾਵੇਗੀ।
3. ਜੇਕਰ ਪਹਿਲਾ ਪ੍ਰਸ਼ਨ ਉਸੇ ਪੰਨੇ ਤੇ ਖਤਮ ਹੋ ਜਾਂਦਾ ਹੋਵੇ ਤਾਂ ਅਗਲੇ ਪ੍ਰਸ਼ਨ ਦਾ ਉਤੱਰ ਲਿਖਣ ਤੋਂ ਪਹਿਲਾਂ ਕਾਫੀ ਖਾਲੀ ਥਾਂ ਛੱਡਣੀ ਚਾਹੀਦੀ ਹੈ।
4. ਹਰੇਕ ਪ੍ਰਸ਼ਨ ਅਤੇ ਉਸਦੇ ਹਿਸਿਆਂ ਦਾ ਉਤੱਰ ਇੱਕ ਹੀ ਜਗ੍ਹਾ ਲਗਾਤਾਰ ਦਿੱਤਾ ਜਾਵੇ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਕਿਸੇ ਹਿੱਸੇ ਦਾ ਮੁਲਅੰਕਣ ਰਹਿਣ ਦੀ ਜਿੰਮੇਵਾਰੀ ਪ੍ਰੀਖਿਆਰਥੀ ਦੀ ਖੁਦ ਹੋਵੇਗੀ।

**ਨਿਮਨ ਗੱਲਾਂ ਨਹੀਂ ਕਰਨੀਆਂ :-**

1. ਅਣ-ਉਚਿਤ ਸਾਧਨ ਨਾ ਵਰਤੇ ਜਾਣ। ਅਜਿਹੀ ਸੂਰਤ ਵਿੱਚ ਪ੍ਰੀਖਿਆਰਥੀ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ ਅਤੇ ਪ੍ਰੀਖਿਆਰਥੀ ਵਿਰੁੱਧ ਕੀਤੀ ਜਾਣ ਵਾਲੀ ਅਗਲੇਰੀ ਅਨੁਸ਼ਾਸ਼ਨੀ ਕਾਰਵਾਈ ਤੇ ਪ੍ਰਤੀ-ਪ੍ਰਭਾਵ ਪਾਏ ਬਿਨਾਂ ਪ੍ਰੀਖਿਆ ਹਾਲ ਵਿਚੋਂ ਕੱਢ ਦਿੱਤਾ ਜਾਵੇਗਾ।
2. ਜਵਾਬ ਕਾਪੀ ਵਿਚ ਕਿਤੇ ਵੀ ਹੋਰ ਆਪਣਾ ਰੋਲ ਨੰ: ਅਤੇ ਨਾਂ ਨਾ ਲਿਖਿਆ ਜਾਵੇ ਜਾਂ ਸਹੀ ਨਾ ਪਾਈ ਜਾਵੇ ਜਾਂ ਕੋਈ ਹੋਰ ਸ਼ਨਾਖਤੀ ਨਿਸ਼ਾਨ ਨਾ ਲਾਇਆ/ਪਾਇਆ ਜਾਵੇ। ਜਿਹੜੇ ਉਮੀਦਵਾਰ ਆਪਣੀ ਜਵਾਬ ਕਾਪੀ ਵਿੱਚ ਆਪਣੀ ਸ਼ਨਾਖਤ ਜਾਹਿਰ ਕਰਨ ਜਾਂ ਵਿਸ਼ੇਸ਼ ਪ੍ਰਕਾਰ ਦੇ ਨਿਸ਼ਾਨ ਪਾਉਣ, ਜਿਵੇਂ ਕਿ ੴ, ਓਮ, ਜੈ ਮਾਤਾ ਦੀ, ਦਰੱਖਤ,ਪੰਛੀ,ਇਮਾਰਤ ਦਾ ਨਿਸ਼ਾਨ/ਤਸਵੀਰ,ਸਿਆਹੀ ਛਿੜਕਣ,ਪ੍ਰਸ਼ਨ ਨੰਬਰ ਨੂੰ ਵਰਗ,ਦੋਹਰੇ ਵਰਗ ਤੇ ਤਿਕੋਣ ਵਿਚ ਪਾਉਣ,ਲਾਲ / ਕਾਲੀ ਸਿਆਹੀ ਨਾਲ ਲਿਖਣ,ਹੇਠਾਂ ਲਕੀਰ ਮਾਰਨ ਜਾਂ ਹੋਰ ਕਿਸੇ ਵੀ ਤਰ੍ਹਾਂ ਦਾ ਨਿਸ਼ਾਨ ਅੰਕਤ ਕਰਨ ਆਦਿ ਦੇ ਕਸੂਰਵਾਰ ਪਾਏ ਗਏ,ਉਨ੍ਹਾਂ ਦੇ ਨਤੀਜੇ ਰੋਕ ਲਏ ਜਾਣਗੇ ਅਤੇ ਉਨ੍ਹਾਂ ਵਿਰੁੱਧ ਵਿਨਿਯਮਾਂ ਵਿਚ ਦੱਸੇ ਅਨੁਸਾਰ ਕਾਰਵਾਈ ਕੀਤੀ ਜਾਵੇਗੀ ।
3. ਪ੍ਰਸ਼ਨ ਦੇ ਜਵਾਬ ਤੋਂ ਬਿਨ੍ਹਾਂ ਜਵਾਬ ਕਾਪੀ ਵਿਚ ਹੋਰ ਕੁਝ ਵੀ ਨਾ ਲਿਖਿਆ ਜਾਵੇ।
4. ਵਿਚ ਵਿਚਾਲੇ ਕੋਈ ਵੀ ਪੰਨਾ ਖਾਲੀ ਨਾ ਛੱਡਿਆ ਜਾਵੇ। ਇਸ ਨੂੰ ਸ਼ਨਾਖਤੀ ਨਿਸ਼ਾਨ ਸਮਝਿਆ ਜਾਵੇਗਾ ਅਤੇ ਕ੍ਰਮ ਨੰ:2 ਅਨੁਸਾਰ ਕਾਰਵਾਈ ਕੀਤੀ ਜਾਵੇਗੀ।
5. ਜਵਾਬ ਕਾਪੀ ਵਿਚੋਂ ਕੋਈ ਵਰਕਾ ਪਾੜਿਆ ਜਾਂ ਕੱਟ-ਵੱਢ ਕੇ ਖਰਾਬ ਨਾ ਕੀਤਾ ਜਾਵੇ। ਜੇਕਰ ਜਵਾਬ ਕਾਪੀ ਵਿਚੋਂ ਕੋਈ ਵਰਕਾ, ਕੱਢ ਕੇ ਜਾਂ ਕੱਟ-ਵੱਢ ਕਰਕੇ ਇਸਨੂੰ ਖਰਾਬ ਕਰ ਦਿੱਤਾ ਗਿਆ, ਕਾਪੀ ਵਿਚਲੇ ਪ੍ਰੀਖਿਆਰਥੀ ਦੇ ਸਾਰੇ ਜਵਾਬ ਰੱਦ ਕੀਤੇ ਜਾ ਸਕਦੇ ਹਨ।
6. ਇਕ ਪ੍ਰਸ਼ਨ ਦੋ ਵਾਰੀ ਨਾ ਕੀਤਾ ਜਾਵੇ, ਨਹੀਂ ਤਾਂ ਉਸ ਪ੍ਰਸ਼ਨ ਦੇ ਨੰਬਰ ਨਹੀਂ ਦਿਤੇ ਜਾਣਗੇ।
7. ਜਵਾਬ ਕਾਪੀ ਨੂੰ ਮੇਜ਼ ਤੇ ਹੀ ਛੱਡ ਕੇ ਬਾਹਰ ਨਾ ਨਿਕਲਿਆ ਜਾਵੇ, ਸਗੋਂ ਪ੍ਰੀਖਿਆ ਹਾਲ ਛੱਡਣ ਤੋ ਪਹਿਲਾਂ ਇਸ ਨੂੰ ਨਿੱਜੀ ਤੌਰ ਤੇ ਪ੍ਰੀਖਿਆ ਨਿਗਰਾਨ ਅਮਲੇ ਦੇ ਹਵਾਲੇ ਕੀਤਾ ਜਾਵੇ।
8. ਕੇਵਲ ਨੀਲੀ ਸਿਆਹੀ (ਰਾਇਲ ਨੀਲੀ) ਵਰਤੀ ਜਾਣੀ ਚਾਹੀਦੀ ਹੈ। ਜੇਕਰ ਕਿਸੇ ਹੋਰ ਰੰਗ ਦੀ ਸਿਆਹੀ ਦੀ ਵਰਤੋਂ ਕੀਤੀ ਗਈ ਤਾਂ ਪ੍ਰੀਖਿਆਰਥੀ ਨੂੰ ਸਬੰਧਤ ਪਰਚੇ/ਪਰਚਿਆਂ ਵਿੱਚ ਅਯੋਗ ਕਰਾਰ ਦਿੱਤਾ ਜਾਵੇਗਾ।
9. ਜੇਕਰ ਕੋਈ ਉਮੀਦਵਾਰ ਮੂਲ ਕਾਪੀ ਤੋਂ ਬਿਨਾਂ ਹੋਰ ਕਾਪੀ ਲੈ ਕੇ ਵਰਤਦਾ ਹੈ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਉਨ੍ਹਾਂ ਨੂੰ ਮੂਲ ਜਵਾਬ ਕਾਪੀ ਦੇ ਪਿੱਛੇ ਤਰਤੀਬ ਨਾਲ ਜੋੜੇ ਨਾ ਕਿ ਮੂਲ ਸ਼ੀਟ ਦੇ ਵਿਚ ਵਿਚਾਲੇ।
10. ਪ੍ਰੀਖਿਆ ਕੇਂਦਰ ਵਿੱਚ ਮੁਬਾਇਲ ਫੋਨ/ਈਅਰ ਫੋਨ ਆਦਿ ਲਿਆਉਣ ਦੀ ਮਨਾਹੀ ਹੈ।
11. ਉਮੀਦਵਾਰਾਂ ਨੂੰ ਪ੍ਰੀਖਿਆ ਸ਼ੁਰੂ ਹੋਣ ਦੇ ਸਮੇਂ ਤੋਂ ਕੇਵਲ ਅੱਧਾ ਘੰਟਾ ਪਹਿਲਾਂ ਅਤੇ ਅੱਧਾ ਘੰਟਾ ਬਾਅਦ ਤੱਕ ਹੀ ਪ੍ਰੀਖਿਆ ਕੇਂਦਰ ਵਿੱਚ ਦਾਖਲ ਹੋਣ ਦੀ ਇਜ਼ਾਜਤ ਦਿੱਤੀ ਜਾਵੇਗੀ।

   Note: The candidates are requested to reach the venue of Examination by 12.00 noon. As per guidelines issued by Govt. of Punjab/ India, with regard to precautions to contain the spread of Corona(Covid-19) virus, the body temperature of every candidate willing be checked and he/she will be allowed to enter the centre of Examination only if his/her body temperature is within the permissible limits. Also candidates are requested to maintain a minimum distance of 6 feet from each other in the centre of examination.

Scanned with CamScanner